# ਪੰਜਾਬ ਰਾਜ ਮਹਿਲਾ ਕਮਿਸ਼ਨ

ਐਸ.ਸੀ.ਓ. ਨੰ:5, ਫੇਜ਼-1, ਸੈਕਟਰ-55 (ਸਾਹਮਣੇ ਇੰਡਸ ਹਸਪਤਾਲ) ਐਸ.ਏ.ਐਸ.ਨਗਰ (ਮੋਹਾਲੀ)
ਟੈਲੀਫੋਨ ਨੰ. 0172-2222607 ਅਤੇ 0182-2223607
ਈਮੇਲ - punjabwomencommission@gmail.com and pswc.pb@punjab.gov.in

**ਮਿਤੀਬੱਧ**

ਸੇਵਾ ਵਿਖੇ,

ਸੀਨੀਅਰ ਪੁਲਿਸ ਕਪਤਾਨ
ਜਲੰਧਰ (ਦਿਹਾਤੀ)।

ਪੱਤਰ ਨੰਬਰ: ਪ.ਰ.ਮ.ਕ./2025/ 8964 ਮਿਤੀ : 10-10-2025

ਵਿਸ਼ਾ : **ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਖਬਰ - ਐੱਸ.ਐੱਚ.ਓ. ਫਿਲੌਰ ਭੂਸ਼ਨ ਕੁਮਾਰ ਵੱਲੋਂ ਰੇਪ ਪੀੜਤ ਨਾਬਾਲਗ ਲੜਕੀ ਦੇ ਕੇਸ ਤੇ ਕਾਰਵਾਈ ਕਰਨ ਦੀ ਬਜਾਏ ਪੀੜਤ ਲੜਕੀ ਅਤੇ ਉਸ ਦੀ ਮਾਤਾ ਨਾਲ ਅਸ਼ਲੀਲ ਹਰਕਤਾਂ ਕਰਨ ਸਬੰਧੀ।**

********

ਪੰਜਾਬ ਰਾਜ ਮਹਿਲਾ ਕਮਿਸ਼ਨ "ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ, 2001" ਦੀ ਧਾਰਾ 12 ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਔਰਤਾਂ ਦੇ ਅਧਿਕਾਰਾਂ, ਸਨਮਾਨ ਅਤੇ ਸੁਰੱਖਿਆ ਦੀ ਉਲੰਘਣਾ ਨਾਲ ਸਬੰਧਤ ਮਾਮਲਿਆ ਤੇ ਸੋ-ਮੋਟੋ ਨੋਟਿਸ ਲੈ ਸਕਦਾ ਹੈ। ਕਮਿਸ਼ਨ ਵੱਲੋਂ ਅਜਿਹੇ ਮਾਮਲਿਆਂ ਨੂੰ ਬੜੇ ਹੀ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ ਅਤੇ ਕਮਿਸ਼ਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਕਿ ਪੰਜਾਬ ਵਿੱਚ ਔਰਤਾਂ ਦੇ ਅਧਿਕਾਰ, ਮਾਣ ਅਤੇ ਰੁਤਬੇ ਦੀ ਸੁਰੱਖਿਆ ਹੋਵੇ।

ਵਿਸ਼ਾ ਅੰਕਿਤ ਮਾਮਲੇ ਸਬੰਧੀ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਵੀਡੀਓ ਰਾਹੀਂ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ ਕਿ **ਐੱਸ.ਐੱਚ.ਓ. ਫਿਲੌਰ ਭੂਸ਼ਨ ਕੁਮਾਰ ਵੱਲੋਂ ਰੇਪ ਪੀੜਤ ਨਾਬਾਲਗ ਲੜਕੀ ਦੇ ਕੇਸ ਤੇ ਕਾਰਵਾਈ ਕਰਨ ਦੀ ਬਜਾਏ ਪੀੜਤ ਲੜਕੀ ਅਤੇ ਉਸ ਦੀ ਮਾਤਾ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਗਈਆਂ ਹਨ।**

ਇਸ ਲਈ ਪ੍ਰਾਪਤ ਵੀਡੀਓ ਤੇ "ਔਰਤਾਂ ਲਈ ਪੰਜਾਬ ਰਾਜ ਕਮਿਸ਼ਨ ਐਕਟ, 2001" ਤਹਿਤ ਸੋ-ਮੋਟੋ ਲੈਂਦੇ ਹੋਏ ਪ੍ਰਾਪਤ ਵੀਡੀਓ ਦਾ ਲਿੰਕ ਅਤੇ ਸਕਰੀਨ ਸ਼ੌਰਟ ਦੀ ਕਾਪੀ ਆਪ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਬਾਲਗ ਲੜਕੀ ਨਾਲ ਹੋਏ ਰੇਪ ਅਤੇ ਸਬੰਧਤ ਐੱਸ.ਐੱਚ.ਓ. ਵੱਲੋਂ ਪੀੜਤ ਲੜਕੀ ਅਤੇ ਉਸ ਦੀ ਮਾਤਾ ਨਾਲ ਕੀਤੀਆਂ ਗਈਆਂ ਅਸ਼ਲੀਲ ਹਰਕਤਾਂ ਸਬੰਧੀ ਤੁਰੰਤ ਡਿਪਟੀ ਸੁਪਰਡੰਟ ਆਫ ਪੁਲਿਸ ਰੈਂਕ ਦੇ ਅਧਿਕਾਰੀ ਤੋਂ ਨਾਬਾਲਗ ਲੜਕੀ ਨਾਲ ਰੇਪ ਕਰਨ ਵਾਲੇ ਵਿਅਕਤੀ ਅਤੇ ਸਬੰਧਤ ਐੱਸ.ਐੱਚ.ਓ. ਫਿਲੌਰ ਭੂਸ਼ਨ ਕੁਮਾਰ ਤੇ ਕਾਨੂੰਨ ਅਨੁਸਾਰ ਤੁਰੰਤ ਬਣਦੀ ਕਾਰਵਾਈ ਕਰਵਾਈ ਜਾਵੇ ਅਤੇ ਸਬੰਧਤ ਡਿਪਟੀ ਸੁਪਰਡੰਟ ਆਫ ਪੁਲਿਸ ਨੂੰ ਹਦਾਇਤ ਕੀਤੀ ਜਾਵੇ ਕਿ ਕੀਤੀ ਗਈ ਕਾਰਵਾਈ ਸਬੰਧੀ ਸਟੇਟਸ ਰਿਪੋਰਟ ਅਤੇ ਦੋਨੋਂ ਪਾਰਟੀਆਂ ਨੂੰ ਲੈ ਕੇ ਮਿਤੀ 13.10.2025 ਨੂੰ ਸਵੇਰੇ 11.00 ਵਜੇ ਕਮਿਸ਼ਨ ਦਫਤਰ ਵਿਖੇ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ।

https://www.facebook.com/share/v/17VnE8DmGX/?mibextid=wwXIfr

ਨੱਥੀ : ਵੀਡੀਓ ਦਾ ਲਿੰਕ ਅਤੇ ਸਕਰੀਨ ਸ਼ੌਰਟ।

ਸੁਪਰਡੰਟ ਗਰੇਡ-2
ਵਾ : ਚੇਅਰਪਰਸਨ,
ਪੰਜਾਬ ਰਾਜ ਮਹਿਲਾ ਕਮਿਸ਼ਨ।

## ਫਿਲੌਰ ਦੇ SHO ਭੂਸ਼ਣ ਕੁਮਾਰ ਖ਼ਿਲਾਫ਼ ਹੋਣਾ ਚਾਹੀਦਾ ਕੇਸ ਦਰਜ! ਰੇ/ਪ ਪੀੜਤਾ ਦੀ ਮਾਂ ਆਈ ਮੀਡੀਆ ਸਾਹਮਣੇ




ਭੂਸ਼ਣ ਕੁਮਾਰ,SHO ਫਿਲੌਰ

ਸੰਦੀਪ ਸਾਹੀ, ਸੰਪਾਦਕ PNL

## ਥਾਣੇ ਦੇ ਅੰਦਰ ਹੀ SHO ਨੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਿੱਤੀਆਂ, ਬੱਚੀ ਦੀ ਛਾਤੀ ਤੇ ਹੱਥ ਲਾਈਆ